**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ,**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-20/59-2019-ਅਮਲਾ-1(1)**

**ਮਿਤੀ ਐਸ.ਏ.ਐਸ. ਨਗਰ:-09/08/2019**

ਸ਼੍ਰੀ ਹਰਜੀਤ ਸਿੰਘ, ਸੈਂਟਰ ਹੈੱਡ ਟੀਚਰ, ਸ:ਐ:ਸ: ਕਮਾਲਪੁਰ, ਬਲਾਕ ਹੁਸ਼ਿਆਰਪੁਰ-1 ਬੀ (ਹੁਸ਼ਿਆਰਪੁਰ) ਵਲੋਂ ਪ੍ਰਾਪਤ ਹੋਈ ਅਪੀਲ ਦੇ ਸਬੰਧ ਵਿਚ ਉਸ ਨੂੰ ਅਤੇ ਜਿਲ੍ਹਾ ਸਿਖਿਆ ਅਫਸਰ (ਐ:ਸਿ;) ਹੁਸ਼ਿਆਰਪੁਰ ਨੂੰ ਮਿਤੀ 28/03/2019 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ ਪਰ ਨਿੱਜੀ ਸੁਣਵਾਈ ਮੌਕੇ ਹਾਜਰ ਨਾ ਹੋਣ ਦੀ ਸੂਰਤ ਵਿਚ ਮਿਤੀ 12/4/2019 ਨੂੰ ਮੁੜ ਇਸ ਦਫਤਰ ਵਿਖੇ ਨਿੱਜੀ ਸੁਣਵਾਈ ਰੱਖੀ ਗਈ। ਨਿੱਜੀ ਸੁਣਵਾਈ ਮੌਕੇ ਅਪੀਲ ਕਰਤਾ ਵਲੋਂ ਲਿਖਤੀ ਰੂਪ ਵਿਚ ਆਪਣਾ ਪੱਖ ਪੇਸ਼ ਕਰਦਿਆਂ ਲਿਖਿਆ ਕਿ ਉਹ ਦੇ ਬਿਆਨ ਪਹਿਲਾਂ ਵਾਲੇ ਹੀ ਹਨ।

ਅਪੀਲ ਦੇ ਸਬੰਧ ਵਿਚ ਜਿਲ੍ਹਾ ਸਿਖਿਆ ਅਫਸਰ (ਐ:ਸਿ;) ਹੁਸ਼ਿਆਰਪੁਰ ਵਲੋਂ ਪੇਸ਼ ਕੀਤੇ ਗਏ ਰਿਕਾਰਡ ਅਤੇ ਇਸ ਮਾਮਲੇ ਸਬੰਧੀ ਇਸ ਦਫਤਰ ਵਿਖੇ ਮੌਜੂਦਾ ਰਿਕਾਰਡ ਨੂੰ ਘੋਖਣ ਤੇ ਇਹ ਤੱਥ ਸਾਹਮਣੇ ਆਏ ਹਨ ਕਿ ਅਪੀਲ ਕਰਤਾ ਵਲੋਂ ਮਿਤੀ 06/04/2017 ਤੋਂ 05/05/2019 ਤੱਕ ਅੱਧੀ ਤਨਖਾਹ ਛੁੱਟੀ ਵਿਦੇਸ਼ ਜਾਣ ਦੇ ਮੰਤਵ ਲਈ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਪੱਤਰ ਨੰਬਰ:-ਪ੍ਰ/ਅ-3/2017/ 1335 ਮਿਤੀ 17/03/2017 ਅਨੁਸਾਰ ਭੇਜੀ ਗਈ ਜੋ ਡਾਇਰੀ ਨੰਬਰ:- 1291 ਮਿਤੀ 29/03/2017 ਪ੍ਰਾਪਤ ਹੋਈ ਅਤੇ ਸਬੰਧਤ ਸ਼ਾਖਾ ਵਿਚ ਇਹ ਕੇਸ ਡਾਇਰੀ ਨੰਬਰ:-592 ਅਮਲਾ-1 ਮਿਤੀ 29/03/2019 ਅਨੁਸਾਰ ਡਾਇਰੀ ਹੋਇਆ ਹੈ। ਇਹ ਕੇਸ ਸਬੰਧਤ ਰਿਕਾਰਡ ਕੀਪਰ ਵਲੋਂ ਮਿਤੀ 29/03/2017 ਨੂੰ ਪੁੱਟ ਅੱਪ ਕੀਤਾ ਗਿਆ। ਡੀਲਿੰਗ ਸਹਾਇਕ ਵਲੋਂ ਇਹ ਕੇਸ ਮਿਤੀ 30/03/2017 ਨੂੰ ਛੁੱਟੀ ਪ੍ਰਵਾਨ ਜਾਂ ਰੱਦ ਕਰਨ ਲਈ ਅਧਿਕਾਰੀਆਂ ਨੂੰ ਪੇਸ਼ ਕੀਤਾ ਗਿਆ। ਅਪੀਲ ਕਰਤਾ ਵਲੋਂ ਮੰਗੀ ਗਈ ਛੁੱਟੀ ਦਾ ਸਮਾਂ ਨਜਦੀਕ ਹੋਣ ਕਰਕੇ ਅਧਿਕਾਰੀਆਂ ਦੇ ਆਦੇਸ਼ਾਂ ਅਨੁਸਾਰ ਮਿਤੀ 12/05/2017 ਨੂੰ ਲਿਖਤੀ ਰੂਪ ਵਿਚ ਪੱਤਰ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਨੂੰ ਲਿਖਿਆ ਗਿਆ ਹੈ ਕਿ ਮੰਗੀ ਗਈ ਛੁੱਟੀ ਦਾ ਸਮਾਂ ਲੰਘ ਚੁੱਕਾ ਹੈ। ਇਹ ਕੇਸ ਮੁੱਖ ਦਫਤਰ ਵਿਖੇ ਸਮੇਂ ਸਿਰ ਨਾ ਭੇਜਣ ਦੇ ਕਾਰਨ ਸਪੱਸ਼ਟ ਕੀਤੇ ਜਾਣ। ਇਸ ਟੀਚਰ ਦੀ ਸਕੂਲ ਵਿਚ ਹਾਜਰੀ ਯਕੀਨੀ ਬਣਾਈ ਜਾਵੇ। ਇਹ ਵੀ ਲਿਖਿਆ ਗਿਆ ਕਿ ਜੇਕਰ ਇਹ ਟੀਚਰ ਬਿਨ੍ਹਾਂ ਸਮਰੱਥ ਅਧਿਕਾਰੀ ਤੋਂ ਛੁੱਟੀ ਪ੍ਰਵਾਨ ਕਰਵਾਏ ਅਣ-ਅਧਿਕਾਰਤ ਤੌਰ ਤੇ ਆਪਣੀ ਮਰਜੀ ਨਾਲ ਹੀ ਡਿਊਟੀ ਤੋਂ ਗੈਰ ਹਾਜਰ ਹੋ ਕੇ ਵਿਦੇਸ਼ ਚਲਾ ਜਾਂਦਾ ਹੈ ਤਾਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਸਮੇਂ ਸਿਰ ਕਰਕੇ ਗੈਰ ਹਾਜਰੀ ਸਮੇਂ ਦਾ ਫੈਸਲਾ ਕਰਨ ਲਈ ਤਜਵੀਜ ਇਸ ਦਫਤਰ ਨੂੰ ਭੇਜੀ ਜਾਵੇ।

ਸ਼੍ਰੀ ਗੁਰਪਾਲ ਸਿੰਘ, ਸੈਂਟਰ ਹੈੱਡ ਟੀਚਰ, ਸ:ਐ:ਸ: ਬਸੀ ਗੁਲਾਮ ਹੁਸੈਨ, (ਹੁਸ਼ਿਆਰਪੁਰ) ਵਲੋਂ ਪ੍ਰਾਪਤ ਹੋਈ ਸ਼ਿਕਾਇਤ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਅਪੀਲ ਕਰਤਾ ਦਾ ਪਾਸਪੋਰਟ, ਸੇਵਾ ਪੱਤਰੀ ਅਤੇ ਹੋਰ ਦਸਤਾਵੇਜ ਚੈੱਕ ਕਰਨ ਤੋਂ ਇਹ ਪਾਇਆ ਗਿਆ ਕਿ ਅਪੀਲ ਕਰਤਾ ਮਿਤੀ 06/4/2017 ਤੋਂ 05/05/2017 ਤੱਕ ਅੱਧੀ ਤਨਖਾਹ ਛੁੱਟੀ ਅਪਲਾਈ ਕਰਕੇ ਬਿਨ੍ਹਾਂ ਸਮਰੱਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਆਪਣੀ ਮਰਜੀ ਨਾਲ ਹੀ ਆਪਣੀ ਡਿਊਟੀ ਤੋਂ ਗੈਰ ਹਾਜਰ ਹੋ ਕੇ ਵਿਦੇਸ਼ ਚਲਾ ਗਿਆ। ਵਿਦੇਸ਼ ਜਾਣ ਤੋਂ ਪਹਿਲਾਂ ਅਪੀਲ ਕਰਤਾ ਨੇ ਸਕੂਲ ਦਾ ਪ੍ਰਬੰਧ ਚਲਾਉਣ ਲਈ ਆਪਣੇ ਹੀ ਪੱਧਰ ਤੇ ਲਿਖਤੀ ਰੂਪ ਵਿਚ ਕਿਸੇ ਹੋਰ ਕਰਮਚਾਰੀ ਦੀ ਡਿਊਟੀ ਲਗਾਈ ਗਈ, ਜੋ ਕਿ ਉਸ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ ਸੀ। ਅਪੀਲ ਕਰਤਾ ਵਿਦੇਸ਼ ਤੋਂ ਵਾਪਿਸ ਭਾਰਤ ਪਰਤਨ ਉਪਰੰਤ ਆਪਣੇ ਪੱਧਰ ਤੇ ਹੀ ਆਪਣੇ ਸਕੂਲ ਵਿਚ ਹਾਜਰ ਹੋ ਗਿਆ ਅਤੇ ਹਾਜਰੀ ਰਜਿਸਟਰ ਵਿਚ ਮਿਤੀ 06/04/2017 ਤੋਂ 05/05/2017 ਤੱਕ ਕਮਾਈ ਛੁੱਟੀ ਦਾ ਅੰਦਰਾਜ ਕਰ ਦਿੱਤਾ ਗਿਆ।

ਇਸ ਮਾਮਲੇ ਵਿਚ ਵਰਤੀ ਗਈ ਕੁਤਾਹੀ ਕਾਰਨ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਹਰਜੀਤ ਸਿੰਘ, ਸੈਂਟਰ ਹੈੱਡ ਟੀਚਰ, ਸ:ਐ:ਸ: ਕਮਾਲਪੁਰ, ਬਲਾਕ ਹੁਸ਼ਿਆਰਪੁਰ-1 ਬੀ (ਹੁਸ਼ਿਆਰਪੁਰ) ਵਿਰੁੱਧ ਪੰਜਾਬ ਸਿਵਲ ਸੇਵਾਵਾਂ ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮਾਂ ਅਨੁਸਾਰ ਦੋਸ਼ ਸੂਚੀ ਜਾਰੀ ਕੀਤੀ ਗਈ ਅਤੇ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ । ਪੜਤਾਲੀਆ ਅਫਸਰ ਵਲੋਂ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਸਿੱਧ ਕਰ ਦਿੱਤੇ ਗਏ। ਜਿਸ ਦੇ ਅਧਾਰ ਤੇ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਇਸ ਮਾਮਲੇ ਵਿਚ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਹੁਕਮ ਨੰਬਰ:-ਪ੍ਰਾ/ਅ-4/2018/ 2018872070 ਮਿਤੀ 30/11/2018 ਅਨੁਸਾਰ ਅਪੀਲ ਕਰਤਾ ਦੀ ਇੱਕ ਸਲਾਨਾ

ਤਰੱਕੀ ਪੱਕੇ ਤੌਰ (ਭਵਿੱਖੀ ਅਸਰ ਸਮੇਤ) ਬੰਦ ਕਰਦੇ ਹੋਏ ਸਜਾ ਦਿੱਤੀ ਗਈ।

ਉਕਤ ਦੇ ਸਬੰਧ ਵਿਚ ਇਸ ਕਰਮਚਾਰੀ ਵਲੋਂ ਆਪਣੀ ਅਪੀਲ ਮਿਤੀ ਨਿੱਲ ਜੋ ਕਿ ਮੁੱਖ ਦਫਤਰ ਵਿਖੇ ਡਾਇਰੀ ਨੰਬਰ:-16/01/2019 ਅਨੁਸਾਰ ਪ੍ਰਾਪਤ ਹੋਈ ਜਿਸ ਅਨੁਸਾਰ ਉਸ ਨੇ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਦਿੱਤੀ ਗਈ ਸਜਾ ਦੇ ਹੁਕਮ ਰੱਦ ਕਰਦੇ ਹੋਏ, ਉਸ ਦੇ ਮੁਅੱਤਲੀ ਦਾ ਫੈਸਲਾ ਨਿਯਮਾਂ ਅਨੁਸਾਰ ਕਰਦੇ ਹੋਏ ਮੁਅੱਤਲੀ ਸਮੇਂ ਡਿਊਟੀ ਪੀਰੀਅਡ ਮੰਨਦੇ ਹੋਏ ਉਸ ਸਮੇਂ ਦੀ ਬਣਦੀ ਮੁਕੰਮਲ ਤਨਖਾਹ, ਅਤੇ ਮੰਗੀ ਗਈ ਵਿਦੇਸ਼ ਛੁੱਟੀ ਪ੍ਰਵਾਨ ਕਰਦੇ ਹੋਏ ਉਸ ਦੀ ਬਤੌਰ ਬੀ.ਪੀ.ਈ.ਓ. ਦੀ ਤਰੱਕੀ ਕਰਦੇ ਹੋਏ ਸਾਰੇ ਬਣਦੇ ਲਾਭ ਦੇਣ ਦੀ ਮੰਗ ਕੀਤੀ ਹੈ।

ਅਪੀਲ ਕਰਤਾ ਵਲੋਂ ਕੀਤੀ ਗਈ ਅਪੀਲ ਅਤੇ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਪੇਸ਼ ਕੀਤੇ ਗਏ ਰਿਕਾਰਡ ਨੂੰ ਘੋਖਣ ਤੇ ਇਹ ਪਾਇਆ ਗਿਆ ਹੈ ਕਿ ਅਪੀਲ ਕਰਤਾ ਵਲੋਂ ਵਿਦੇਸ਼ ਜਾਣ ਲਈ ਮਿਤੀ 06/04/2017 ਤੋਂ 05/05/2017 ਤੱਕ ਅੱਧੀ ਤਨਖਾਹ ਛੁੱਟੀ ਪ੍ਰਵਾਨ ਕਰਵਾਉਣ ਲਈ ਸਮੇਂ ਸਿਰ ਅਪਲਾਈ ਕੀਤਾ ਗਿਆ। ਪਰ ਇਹ ਤਜਵੀਜ ਮੁੱਖ ਦਫਤਰ ਵਿਖੇ ਸਮੇਂ ਸਿਰ ਪ੍ਰਾਪਤ ਨਾ ਹੋਣ ਕਰਕੇ ਅਤੇ ਇਹ ਤਜਵੀਜ ਅਧੂਰੀ ਹੋਣ ਕਰਕੇ ਅਪੀਲ ਕਰਤਾ ਵਲੋਂ ਮੰਗੀ ਗਈ ਵਿਦੇਸ਼ ਛੁੱਟੀ ਪ੍ਰਵਾਨ ਨਹੀਂ ਹੋਈ।

ਜਿਥੋਂ ਤੱਕ ਅਪੀਲ ਕਰਤਾ ਦੀ ਤਰੱਕੀ ਬਤੌਰ ਬੀ.ਪੀ.ਈ.ਓ. ਕਰਨ ਦਾ ਸਬੰਧ ਹੈ ਬਾਰੇ ਇਸ ਕਰਮਚਾਰੀ ਦਾ ਤਰੱਕੀਆਂ ਸਬੰਧੀ ਵਿਭਾਗੀ ਤਰੱਕੀ ਸਕਰੀਨਿੰਗ ਕਮੇਟੀ ਵਲੋਂ ਇਹ ਕੇਸ ਨਿਯਮਾਂ ਅਨੁਸਾਰ ਵਿਚਾਰਦੇ ਹੋਏ ਦੋਸ਼ ਸੂਚੀ ਪੈਡਿੰਗ ਹੋਣ ਕਰਕੇ ਮੁੱਖ ਦਫਤਰ ਦੇ ਹੁਕਮ ਨੰਬਰ:- ਮਿਤੀ 08/02/2018 ਅਨੁਸਾਰ ਜਾਰੀ ਕੀਤੇ ਗਏ ਤਰੱਕੀਆਂ ਦੇ ਹੁਕਮਾਂ ਵਿਚ ਅਪੀਲ ਕਰਤਾ ਦਾ ਤਰੱਕੀ ਦਾ ਕੇਸ ਸੀਲਡ ਕਵਰ ਵਿਚ ਰੱਖਿਆ ਗਿਆ ਜਿਸ ਦਾ ਫੈਸਲੇ ਉਸ ਦੀ ਦੋਸ਼ ਸੂਚੀ ਦੇ ਫੈਸਲੇ ਉਪਰੰਤ ਕੀਤਾ ਜਾਣਾ ਸੀ। ਇਹ ਕਰਮਚਾਰੀ ਮਿਤੀ 31/03/2019 ਨੂੰ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਰਿਟਾਇਰ ਹੋ ਗਿਆ। ਦਿੱਤੀ ਗਈ ਸਜਾ ਦਾ ਅਸਰ (ਇੱਕ ਸਾਲ ਤੱਕ) ਬਰਕਰਾਰ ਰਹਿਣ ਕਰਕੇ ਇਸ ਕਰਮਚਾਰੀ ਦੀ ਤਰੱਕੀ ਦੇ ਹੁਕਮ ਪਾਸ ਨਹੀਂ ਕੀਤੇ ਗਏ।

ਕੇਸ ਨੂੰ ਘੋਖਣ ਉਪਰੰਤ ਉਕਤ ਮਾਮਲੇ ਵਿਚ ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਸ਼੍ਰੀ ਹਰਜੀਤ ਸਿੰਘ, ਸੈਂਟਰ ਹੈਂਡ ਟੀਚਰ, ਸ:ਐ:ਸ: ਕਮਾਲਪੁਰ, ਬਲਾਕ ਹੁਸ਼ਿਆਰਪੁਰ ਜੋ ਕਿ ਵਿਦੇਸ਼ ਜਾਣ ਲਈ ਛੁੱਟੀ ਅਪਲਾਈ ਕਰਕੇ ਬਿਨ੍ਹਾਂ ਸਮਰੱਥ ਅਧਿਕਾਰੀ ਤੋਂ ਛੁੱਟੀ ਪ੍ਰਵਾਨ ਕਰਵਾਏ ਆਪਣੀ ਡਿਊਟੀ ਤੋਂ ਗੈਰ ਹਾਜਰ ਹੋ ਕੇ ਆਪਣੀ ਮਰਜੀ ਨਾਲ ਹੀ ਅਣ-ਅਧਿਕਾਰਤ ਤੌਰ ਤੇ ਵਿਦੇਸ਼ ਚਲਾ ਗਿਆ ਅਤੇ ਵਿਦੇਸ਼ ਤੋਂ ਪਰਤਨ ਉਪਰੰਤ ਸਮਰੱਥ ਅਧਿਕਾਰੀ ਤੋਂ ਡਿਊਟੀ ਤੇ ਹਾਜਰ ਹੋਣ ਦੀ ਆਗਿਆ ਲਏ ਬਿਨ੍ਹਾਂ ਹੀ ਡਿਊਟੀ ਤੇ ਆਪਣੇ ਸਕੂਲ ਵਿਚ ਹਾਜਰ ਹੋ ਗਿਆ ਅਤੇ ਹਾਜਰੀ ਰਜਿਸਟਰ ਵਿਚ ਆਪਣੇ ਹਾਜਰੀ ਦੇ ਖਾਨੇ ਵਿਚ ਮਿਤੀ 06/04/2017 ਤੋਂ 05/05/2017 ਤੱਕ ਕਮਾਈ ਛੁੱਟੀ ਦਾ ਅੰਦਰਾਜ ਕਰ ਦਿੱਤਾ ਗਿਆ ਜਦੋਂ ਕਿ ਇਸ ਵਲੋਂ ਵਿਦੇਸ਼ ਜਾਣ ਲਈ ਅੱਧੀ ਤਨਖਾਹ ਛੁੱਟੀ ਪ੍ਰਵਾਨ ਕਰਵਾਉਣ ਲਈ ਅਪਲਾਈ ਕੀਤਾ ਗਿਆ ਸੀ।

ਉਕਤ ਦੱਸੀ ਗਈ ਸਥਿਤੀ ਅਨੁਸਾਰ ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ;ਸਿ:) ਪੰਜਾਬ ਅਪੀਲਟ ਅਥਾਰਟੀ ਹੁੰਦਾ ਹੋਇਆ ਸ਼੍ਰੀ ਹਰਜੀਤ ਸਿੰਘ, ਸੈਂਟਰ ਹੈਡ ਟੀਚਰ, ਸ:ਐ:ਸ: ਕਮਾਲਪੁਰ, ਬਲਾਕ ਹੁਸ਼ਿਆਰਪੁਰ-1 ਬੀ (ਹੁਸ਼ਿਆਰਪੁਰ) ਵਿਰੁੱਧ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਵਲੋਂ ਹੁਕਮ ਨੰਬਰ:- ਪ੍ਰਾ/ਅ-4/2018/2018872070 ਮਿਤੀ 30/11/2018 ਅਨੁਸਾਰ ਦਿੱਤੀ ਗਈ ਸਜਾ ਬਰਕਰਾਰ ਰੱਖਣ ਦੇ ਹੁਕਮ ਦਿੰਦਾ ਹਾਂ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ
ਮਿਤੀ ਐਸ.ਏ.ਐਸ. ਨਗਰ;- 26/08/19

ਪਿੱਠ ਅੰਕਣ ਨੰਬਰ:-ਉਕਤ 2775

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਹੁਸ਼ਿਆਰਪੁਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-1 ਬੀ (ਹੁਸ਼ਿਆਰਪੁਰ)।
5. ਸਬੰਧਤ ਰਿਟਾਇਰੀ ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ।
6. ਐਮ.ਆਈ. ਐਸ. ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

21/8/19
ਸਹਾਇਕ ਡਾਇਰੈਕਟਰ (ਅਮਲਾ-1)